Roll No. ..................

**025**

Total No. of Questions : 31]

**[Map of Punjab]**

[Total No. of Printed Pages : 6

**SS**

**2117**

ਸਲਾਨਾ ਪਰੀਖਿਆ ਪ੍ਰਨਾਲੀ

# HISTORY

**(Punjabi, Hindi and English Versions)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **025** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਭਾਗ ਜ਼ਰੂਰੀ ਹਨ ।

(v) ਪ੍ਰਸ਼ਨ ਪੱਤਰ 4 ਭਾਗਾਂ ਵਿੱਚ (ੳ, ਅ, ੲ, ਸ) ਵੰਡਿਆ ਗਿਆ ਹੈ ।

(vi) ਭਾਗ–ੳ ਵਿੱਚ 10 ਪ੍ਰਸ਼ਨ ਹੋਣਗੇ । ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ ।

(vii) ਭਾਗ–ਅ ਵਿੱਚ 10 ਪ੍ਰਸ਼ਨ ਹੋਣਗੇ । ਹਰ ਪ੍ਰਸ਼ਨ ਤਿੰਨ ਅੰਕ ਦਾ ਹੋਵੇਗਾ । ਹਰ ਪ੍ਰਸ਼ਨ ਦਾ ਉੱਤਰ 35-40 ਸ਼ਬਦਾਂ ਵਿੱਚ ਦੇਣਾ ਹੋਵੇਗਾ ।

(viii) ਭਾਗ–ੲ ਵਿੱਚ 10 ਪ੍ਰਸ਼ਨ ਹੋਣਗੇ । ਵਿਦਿਆਰਥੀ ਕੋਈ ਸੱਤ ਪ੍ਰਸ਼ਨਾਂ ਦਾ ਉੱਤਰ ਦੇ ਸਕਦਾ ਹੈ । ਹਰ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦੇਣਾ ਹੋਵੇਗਾ । ਹਰ ਪ੍ਰਸ਼ਨ ਦੇ 5 ਅੰਕ ਹੋਣਗੇ ।

(ix) ਭਾਗ–ਸ ਵਿੱਚ ਇੱਕ ਪ੍ਰਸ਼ਨ ਹੋਵੇਗਾ ਜੋ ਨਕਸ਼ੇ ਨਾਲ ਸੰਬੰਧਿਤ ਹੋਵੇਗਾ । ਕੁੱਲ 15 ਅੰਕ ਹੋਣਗੇ । 10 ਅੰਕ 5 ਸਥਾਨ ਦਿਖਾਉਣ ਲਈ ਤੇ 5 ਅੰਕ ਉਨ੍ਹਾਂ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ (20-25 ਸ਼ਬਦਾਂ ਵਿੱਚ) । ਨਕਸ਼ੇ ਵਿੱਚ 100% ਆਂਤਰਿਕ ਛੋਟ ਹੋਵੇਗੀ ।

(x) ਪੰਜਾਬ ਦਾ ਨਕਸ਼ਾ ਉੱਤਰ-ਪੱਤਰੀ ਨਾਲ ਨੱਥੀ ਕਰੋ ।

## ਭਾਗ–ੳ

(1×10=10)

ਇੱਕ ਦੋ ਸ਼ਬਦਾਂ ਵਾਲੇ ਪ੍ਰਸ਼ਨ :

1. 'ਚਜ' ਦੁਆਬ ਤੋਂ ਕੀ ਭਾਵ ਹੈ ?
2. ਲੋਧੀ ਵੰਸ਼ ਦਾ ਮੋਢੀ ਕੌਣ ਸੀ ?
3. ਗੁਰੂ ਰਾਮਦਾਸ ਜੀ ਦੀ ਪਤਨੀ ਦਾ ਕੀ ਨਾਂ ਸੀ ?

ਖਾਲੀ ਸਥਾਨ ਭਰੋ :

4. ਗੁਰੂ ਹਰਗੋਬਿੰਦ ਜੀ ਦੀ ਮਾਤਾ ਦਾ ਨਾਂ ................ ਸੀ ।
5. ਆਨੰਦਪੁਰ ਸਾਹਿਬ ਦਾ ਪਹਿਲਾ ਨਾਂ ................ਸੀ ।
6. ਬੰਦਾ ਸਿੰਘ ਬਹਾਦਰ ਨੂੰ ................ ਈਸਵੀ ਵਿੱਚ ਸ਼ਹੀਦ ਕੀਤਾ ਗਿਆ ਸੀ ।

ਸਹੀ/ਗਲਤ ਲਿਖੋ :

7. ਦਲ ਖਾਲਸਾ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ।
8. ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਦਾ ਨਾਂ ਰਾਜ ਕੌਰ ਸੀ ।

9. ਅਕਾਲੀ ਫੂਲਾ ਸਿੰਘ ਇੱਕ ਪ੍ਰਸਿੱਧ ਪ੍ਰਧਾਨ ਮੰਤਰੀ ਸੀ ।

**ਬਹੁਭਾਂਤੀ ਉੱਤਰ ਵਾਲਾ ਪ੍ਰਸ਼ਨ :**

10. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਾਮਰਾਜ ਨੂੰ ਕਿੰਨੇ ਭਾਗਾ ਵਿਚ ਵੰਡਿਆ ਹੋਇਆ ਸੀ ?
(ੳ) 12 (ਅ) 14 (ੲ) 4 (ਸ) 9

**ਭਾਗ–ਅ** (3×10=30)

11. ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕਿਹੜੇ ਤਿੰਨ ਮੁੱਖ ਲਾਭ ਹੋਏ ?
12. ਪਾਨੀਪਤ ਦੀ ਪਹਿਲੀ ਲੜਾਈ ਦੇ ਤਿੰਨ ਮੁੱਖ ਸਿੱਟੇ ਲਿਖੋ ।
13. ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸੰਬੰਧੀ ਤਿੰਨ ਮੁੱਖ ਵਿਚਾਰ ਕੀ ਸਨ ?
14. ਉਦਾਸੀ ਮਤ ਦੇ ਤਿੰਨ ਮੁੱਖ ਸਿਧਾਂਤ ਦੱਸੋ ।
15. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਤਿੰਨ ਮੁੱਖ ਕਾਰਨ ਦੱਸੋ ।
16. ਖਾਲਸਾ ਦੀ ਸਥਾਪਨਾ ਦੇ ਤਿੰਨ ਮੁੱਖ ਸਿੱਟੇ ਲਿਖੋ ।
17. ਦਲ ਖਾਲਸਾ ਦੀ ਉੱਤਪਤੀ ਦੇ ਤਿੰਨ ਮੁੱਖ ਕਾਰਨ ਕੀ ਸਨ ?
18. ਰਾਖੀ ਪ੍ਰਥਾ ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਲਿਖੋ ।
19. ਅਮ੍ਰਿਤਸਰ ਦੀ ਸੰਧੀ ਦੀਆਂ ਤਿੰਨ ਮੁੱਖ ਸ਼ਰਤਾਂ ਕੀ ਸਨ ?
20. ਦੂਸਰੇ ਐਂਗਲੋ ਸਿੱਖ ਯੁੱਧ ਦੇ ਕੋਈ ਤਿੰਨ ਮੁੱਖ ਨਤੀਜੇ ਦੱਸੋ ।

**ਭਾਗ–ੲ** (5×7=35)

ਨੋਟ : ਕੋਈ ਸੱਤ ਪ੍ਰਸ਼ਨ ਕਰੋ ।

21. ਦਸਮ ਗ੍ਰੰਥ ਬਾਰੇ ਤੁਸੀਂ ਕੀ ਜਾਣਦੇ ਹੋ ?
22. ਮਸੰਦ ਪ੍ਰਥਾ ਤੇ ਸੰਖੇਪ ਨੋਟ ਲਿਖੋ ।
23. ਗੁਰੂ ਹਰਿਰਾਏ ਜੀ ਤੇ ਸੰਖੇਪ ਨੋਟ ਲਿਖੋ ।
24. ਸਰਹਿੰਦ ਦੀ ਲੜਾਈ ਦਾ ਸੰਖੇਪ ਵਰਨਣ ਕਰੋ ।
25. ਬੁੱਢਾ ਦਲ ਅਤੇ ਤਰੁਣਾ ਦਲ ਬਾਰੇ ਤੁਸੀਂ ਕੀ ਜਾਣਦੇ ਹੋ ?
26. ਪਾਨੀਪਤ ਦੀ ਤੀਸਰੀ ਲੜਾਈ ਤੇ ਸੰਖੇਪ ਨੋਟ ਲਿਖੋ ।
27. ਨਵਾਬ ਕਪੂਰ ਸਿੰਘ ਦੇ ਬਾਰੇ ਵਿੱਚ ਤੁਸੀਂ ਕੀ ਜਾਣਦੇ ਹੋ ?
28. ਤਿੰਨ ਪੱਖੀ ਸੰਧੀ ਤੇ ਸੰਖੇਪ ਨੋਟ ਲਿਖੋ ।
29. ਮਹਾਰਾਜਾ ਰਣਜੀਤ ਸਿੰਘ ਦੇ ਸਥਾਨਕ ਪ੍ਰਬੰਧ ਤੇ ਨੋਟ ਲਿਖੋ ।
30. ਪਹਿਲੇ ਐਂਗਲੋ ਸਿੱਖ ਯੁੱਧ ਦੇ ਕੀ ਸਿੱਟੇ ਨਿਕਲੇ ?

**ਭਾਗ–ਸ** (10+5=15)

31. (ੳ) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿੱਚ ਦੂਜੇ ਐਂਗਲੋ ਸਿੱਖ ਯੁੱਧ ਦੀਆਂ ਲੜਾਈਆਂ ਦੇ ਪੰਜ ਸਥਾਨ ਦਿਖਾਉ । 10

(ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿਚ ਵਿਆਖਿਆ ਵੀ ਕਰੋ । 5

ਜਾਂ

(ੳ) ਦਿੱਤੇ ਗਏ ਪੰਜਾਬ ਦੇ ਮਾਨਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦੇ ਪੰਜ ਸਥਾਨ ਦਿਖਾਉ । 10

(ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿੱਚ ਵਿਆਖਿਆ ਵੀ ਕਰੋ । 5

**(ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਪ੍ਰਸ਼ਨ ਨੰ: 31 ਦੀ ਥਾਂ ਤੇ ਕਰਨਯੋਗ ਪ੍ਰਸ਼ਨ)**

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸ਼ੀਅਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸੋ । 10

(ਅ) ਹੁਕਮਨਾਮਿਆਂ ਤੇ ਸੰਖੇਪ ਨੋਟ ਲਿਖੋ । 5

ਜਾਂ

(ੳ) ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਕਿਉਂ ਕਿਹਾ ਜਾਂਦਾ ਹੈ ? 10

(ਅ) ਮੁਗਲਾਂ ਅਧੀਨ ਪੰਜਾਬ ਦੀ ਆਰਥਿਕ ਹਾਲਤ ਤੇ ਨੋਟ ਲਿਖੋ । 5